# ਸਤਿਗੁਰ ਮਹਿਮਾ



ਅਮਰਜੀਤ ਸਿੰਘ ਸੰਧੂ

**ੴ**

**ਵਾਹਿਗੁਰੂ ਜੀ ਕਾ ਖ਼ਾਲਸਾ**

**ਵਾਹਿਗੁਰੂ ਜੀ ਕੀ ਫ਼ਤਿਹ !**

ਪਿਆਰੇ ਖ਼ਾਲਸਾ ਜੀਓ,

ਬੱਚੇ ਕੌਮ ਦਾ ਭਵਿੱਖ ਹੁੰਦੇ ਹਨ। ਜੇ ਅਸੀਂ ਕੱਲ੍ਹ ਨੂੰ ਆਪਣੀ ਕੌਮ ਵਿੱਚ ਨਿਰੋਏ ਤਨ, ਮਨ ਵਾਲੇ ਤੇ ਨਿਰੋਈ ਸੋਚ ਵਾਲੇ ਸਿੰਘ, ਸੂਰਮੇ ਤੇ ਵਿਦਵਾਨ ਵੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਅੱਜ ਦੀ ਕੌਮੀ-ਪਨੀਰੀ ਵੱਲ ਹੁਣ ਤੋਂ ਹੀ ਧਿਆਨ ਦੇਣਾ ਪਵੇਗਾ। ਬਚਪਨ ਤੋਂ ਹੀ ਆਪਣੇ ਧਰਮ ਤੇ ਵਿਰਸੇ ਨਾਲ ਜੁੜੇ ਬੱਚੇ ਹੀ ਕੱਲ੍ਹ ਨੂੰ ਸਾਡੀ ਕੌਮ ਦੇ ਥੰਮ ਬਣ ਸਕਣਗੇ।

ਇਸੇ ਆਸ਼ੇ ਨਾਲ ਦਾਸ ਨੇ ਗੁਰੂ ਸਾਹਿਬਾਨ ਦੇ ਜੀਵਨ ਤੇ ਸਿੱਖਿਆ ਸਬੰਧੀ ਬਿਲਕੁਲ ਛੋਟੇ ਬਾਲਕਾਂ ਦੀ ਸੂਝ-ਪੱਧਰ ਤੋਂ ਲੜੀ ਵਾਰ ਪੁਸਤਕਾਂ ਛਾਪਣ ਦਾ ਉਪਰਾਲਾ ਆਰੰਭਿਆ ਹੈ। ਇਸ ਲੜੀ ਅਧੀਨ ਪਹਿਲੀ ਪੁਸਤਕ 'ਸਤਿਗੁਰ ਮਹਿਮਾ' ਵਿੱਚ ਦਸ ਗੁਰੂ ਸਾਹਿਬਾਨ ਅਤੇ ਜੁਗੋ-ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਬਹੁਤ ਹੀ ਛੋਟੀਆਂ-ਛੋਟੀਆਂ ਸੁਚਿੱਤਰ ਕਵਿਤਾਵਾਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਇਹਨਾਂ ਦੀ ਖ਼ੂਬਸੂਰਤੀ, ਲੈਅ-ਬੱਧਤਾ ਅਤੇ ਗਾ ਸਕਣ ਵਾਲੇ ਗੁਣ ਬੱਚਿਆਂ ਦੇ ਮਨਾਂ 'ਤੇ ਅੱਛਾ ਪ੍ਰਭਾਵ ਪਾਉਣਗੇ। ਪਰ ਕਿਉਂ ਕਿ ਕਵਿਤਾਵਾਂ ਬਹੁਤ ਛੋਟੀਆਂ ਤੇ ਸੰਖੇਪ ਹਨ, ਇਸ ਲਈ ਇਹ ਬੱਚਿਆਂ ਦੇ ਮਨਾਂ ਵਿੱਚ ਕਈ ਪ੍ਰਸ਼ਨ ਪੈਦਾ ਕਰਨਗੀਆਂ, ਜਿਨ੍ਹਾਂ ਦੇ ਉੱਤਰ ਉਹ ਆਪਣੇ ਮਾਪਿਆਂ ਤੇ ਅਧਿਆਪਕਾਂ ਪਾਸੋਂ ਤਲਾਸ਼ ਕਰਨਗੇ। ਇਸ ਲਈ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਉਹਨਾਂ ਦੇ ਪ੍ਰਸ਼ਨਾਂ ਦੇ ਯੋਗ, ਇਤਿਹਾਸ ਪੱਖੋਂ ਸਹੀ ਅਤੇ ਵਿਗਿਆਨਕ ਉੱਤਰ ਦੇ ਕੇ ਉਹਨਾਂ ਦੀ ਜਗਿਆਸਾ ਦੀ ਤ੍ਰਿਪਤੀ ਕਰੀਏ।

ਉਂਜ ਅਸੀਂ ਅਗਲੀਆਂ ਪੁਸਤਕਾਵਾਂ ਰਾਹੀਂ ਇਹ ਫ਼ਰਜ਼ ਵੀ ਨਿਭਾਉਣ ਦੀ ਕੋਸ਼ਿਸ਼ ਕਰਾਂਗੇ।

ਭਰਪੂਰ ਆਸਾਂ ਨਾਲ,

ਖ਼ਾਲਸਾ ਪੰਥ ਦਾ ਦਾਸ,

**ਅਮਰਜੀਤ ਸਿੰਘ ਸੰਧੂ**



## ਪਹਿਲੀ ਪਾਤਸ਼ਾਹੀ

## ਸ੍ਰੀ ਗੁਰੂ ਨਾਨਕ ਦੇਵ ਜੀ

ਵਾਹ !
ਪਹਿਲਾ ਗੁਰੂ ਨਾਨਕ ਪਾਤਸ਼ਾਹ
ਸਤਿਗੁਰੂ ਪਿਆਰਾ॥
ਨਨਕਾਣੇ ਦੇ ਵਿਚ ਜਨਮਿਆਂ
ਸੁੱਚਾ ਸਚਿਆਰਾ॥

ਉਸ ਜ਼ੁਲਮ ਧਰਮ ਦਾ ਦੇਖਿਆ
ਜਦ ਗਾਢਾਂ-ਸਾਢਾਂ॥
ਉਸ ਝੂਠ ਪਾਖੰਡ ਦਾ ਭੰਨਿਆ
ਚੌਰਾਹੇ ਭਾਂਡਾ॥

ਉਸ ਕਿਹਾ ਕਿ ਸੱਚੇ ਰੱਬ ਦਾ
ਬਸ ਨਾਮ ਧਿਆਵੋ॥
ਜਿਸ ਸੱਭੇ ਦਾਤਾਂ ਦਿੱਤੀਆਂ
ਉਸਦੇ ਗੁਣ ਗਾਵੋ॥

ਉਸ ਕਿਹਾ ਕਿ ਹੱਥੀਂ ਕੰਮ ਕਰ
ਤਿਲ-ਫੁੱਲ ਕਮਾਈਏ॥
ਤੇ ਨਾਲ ਗ਼ਰੀਬ-ਅਪਾਹਜਾਂ
ਦੇ ਮਿਲ ਕੇ ਖਾਈਏ॥



## ਦੂਜੀ ਪਾਤਸ਼ਾਹੀ

# ਸ਼੍ਰੀ ਗੁਰੂ ਅੰਗਦ ਦੇਵ ਜੀ

ਗੁਰੂ ਜੀ ਦੀ ਸੋਭਾ ਸੁਣ
ਭਾਈ ਲਹਿਣਾ ਆਏ ਸੀ॥
ਨਾਨਕ ਦੇ ਅੰਗ ਲੱਗ
'ਅੰਗਦ' ਕਹਾਏ ਸੀ॥

ਸੇਵਾ ਕੀਤੀ ਗੁਰੂ ਜੀ ਦੀ
ਪੁੱਤਰਾਂ ਤੋਂ ਵੱਧ ਕੇ॥
ਗੁਰੂ-ਗੱਦੀ ਦਿੱਤੀ ਗੁਰਾਂ
ਪੁੱਤਰਾਂ ਨੂੰ ਛੱਡਕੇ॥

ਊਚ-ਨੀਚ ਛੱਡ ਇੱਕੋ
ਪੰਗਤੀਂ ਬਹਾਉਂਦੇ ਸੀ॥
ਰਾਜਾ-ਰੰਕ ਇੱਕੋ ਥਾਵੇਂ
ਲੰਗਰ ਛਕਾਉਂਦੇ ਸੀ॥

ਗੁਰਮਖੀ ਲਿਪੀ ਉਹਨਾਂ
ਸੋਧ ਕੇ ਬਣਾਈ ਸੀ॥
ਗੁਰੂਬਾਣੀ ਉਹਨਾਂ ਨੇ
ਪੰਜਾਬੀ 'ਚ ਲਿਖਾਈ ਸੀ॥

•



## ਤੀਜੀ ਪਾਤਸ਼ਾਹੀ

# ਸ਼੍ਰੀ ਗੁਰੂ ਅਮਰ ਦਾਸ ਜੀ

ਸਿੱਖ ਧਰਮ ਦੇ ਤੀਸਰੇ
ਅਮਰ ਦਾਸ ਗੁਰਦੇਵ॥
ਅੰਗਦ ਜੀ ਦੀ ਜਿਨ੍ਹਾਂ ਨੇ
ਖ਼ੂਬ ਕਮਾਈ ਸੇਵ॥

ਸੱਠ-ਸੱਤਰ ਦੀ ਉਮਰ ਵਿਚ
ਰੋਜ਼ ਬਿਆਸਾ ਜਾ॥
ਜਲ-ਗਾਗਰ ਲੈ ਆਉਣ ਉਹ
ਮੋਢੇ ਉੱਤੇ ਚਾ॥

ਫੇਰ ਨਹਾਉਂਦੇ ਗੁਰਾਂ ਨੂੰ
ਡਾਢੀ ਨਾਲ ਪ੍ਰੀਤ॥
ਬਾਰਾਂ ਸਾਲਾਂ ਤੀਕ ਇਹ
ਉਨ੍ਹਾਂ ਨਿਭਾਈ ਰੀਤ॥

ਹੋਰ ਵੀ ਸੇਵਾ ਸੰਗਤਾਂ
ਦੀ ਉਹ ਕਰਦੇ ਜਾਣ॥
ਸੇਵਾ ਕਰ ਕਰ ਅਮਰ ਦਾਸ
ਬਣ ਗਏ ਪੁਰਖ ਮਹਾਨ॥

ਗੁਰੂ ਅੰਗਦ ਨੇ ਉਨ੍ਹਾਂ ਨੂੰ
ਉੱਤਮ-ਪੁਰਖ ਵਿਚਾਰ॥
ਆਪਣੇ ਪਿੱਛੋਂ ਬਖ਼ਸ਼ਿਆ
ਗੁਰ-ਗੱਦੀ ਦਾ ਭਾਰ॥

•




## ਚੌਥੀ ਪਾਤਸ਼ਾਹੀ

## ਸ਼੍ਰੀ ਗੁਰੂ ਰਾਮ ਦਾਸ ਜੀ

ਗੁਰੂ ਚਰਨਾਂ ਦੇ ਭੌਰ॥
ਲੀਤਾ ਜਨਮ ਲਾਹੌਰ॥

ਗੁਰੂ ਰਾਮ ਦਾਸ ਨਾਮ॥
ਜਾਣੇ ਦੁਨੀਆਂ ਤਮਾਮ॥

ਗੋਇੰਦਵਾਲ ਸਾਹਿਬ ਵਿੱਚ॥
ਪਾਈ ਸੇਵਾ-ਭਾਵ ਖਿੱਚ॥

ਬਾਉਲੀ-ਸਾਹਿਬ ਦੀ ਉਸਾਰੀ॥
ਵਿੱਚ ਸੇਵਾ ਕੀਤੀ ਭਾਰੀ॥

ਸੀਸ ਟੋਕਰੀ ਉਠਾਉਂਦੇ॥
ਨਾਮ ਚਿੱਤ ’ਚ ਧਿਆਉਂਦੇ॥

ਅਮਰਦਾਸ ਜੀ ਨੇ, ਬੱਚੀ॥
ਬੀਬੀ ਭਾਨੀ, ਸੁੱਚੀ-ਸੱਚੀ॥

ਵਿਆਹੀ ਰਾਮ ਦਾਸ ਨਾਲ॥
ਵੇਖੋ ਸੇਵਾ ਦਾ ਕਮਾਲ॥

ਬਣੇ ਗੁਰਾਂ ਦੇ ਜਵਾਈ॥
ਨਾਲੇ ਗੁਰੂ-ਗੱਦੀ ਪਾਈ॥

ਘਾਲ ਕਰੜੀ ਕਮਾਕੇ॥
ਅੰਮ੍ਰਿਤਸਰ ਨੂੰ ਵਸਾਕੇ॥

ਕੀਤਾ ਕਿੱਡਾ ਅਹਿਸਾਨ॥
ਦਿੱਤਾ ਤੀਰਥ ਮਹਾਨ॥

•



## ਪੰਜਵੀਂ ਪਾਤਸ਼ਾਹੀ

# ਸ੍ਰੀ ਗੁਰੂ ਅਰਜਨ ਦੇਵ ਜੀ

ਪੰਜਵੇਂ ਸੱਚੇ ਗੁਰਾਂ ਦਾ, ਜੱਸ ਦੁਨੀਆਂ ਗਾਇਆ॥
ਗੁਰੂ ਅਰਜਨ ਜਿਨ ਸੇਵਿਆ, ਫਿਰ ਜਨਮ ਨਾ ਆਇਆ॥

ਗੁਰਬਾਣੀ ਦਾ ਬੋਹਿਥਾ
ਜੱਗ ਤਾਰਨ-ਹਾਰਾ॥
'ਗੁਰੂ ਗ੍ਰੰਥ' ਬਣਾਇਕੇ
ਕੀਤਾ ਉਜਿਆਰਾ॥
ਸਤਿ, ਸੰਤੋਖ, ਵੀਚਾਰ, ਨਾਮ ਬਾਣੀ ਵਿਚ ਪਾਇਆ॥
ਗੁਰੂ ਅਰਜਨ ਜਿਨ ਸੇਵਿਆ, ਫਿਰ ਜਨਮ ਨਾ ਆਇਆ॥

ਦੱਸਿਆ ਜਲ ਵਿਚ ਕੰਵਲ ਵਾਂਗ
ਬਣਵਾਕੇ ਮੰਦਰ॥
'ਕੰਵਲ ਵਾਂਗ ਨਿਰਲੇਪ ਰਹੋ
ਦੁਨੀਆਂ ਦੇ ਅੰਦਰ॥'
ਉਹ ਤਰਿਆ, ਜਿਸ ਅੰਮ੍ਰਿਤਸਰ ਵਿਚ ਟੁੱਬਾ ਲਾਇਆ॥
ਗੁਰੂ ਅਰਜਨ ਜਿਨ ਸੇਵਿਆ, ਫਿਰ ਜਨਮ ਨਾ ਆਇਆ॥

ਤੱਤੀ ਤਵੀ 'ਤੇ ਬੈਠ ਗਏ
ਸਤਿਗੁਰ ਲਾਸਾਨੀ॥
ਹੱਕ-ਸੱਚ ਦੇ ਵਾਸਤੇ
ਦਿੱਤੀ ਕੁਰਬਾਨੀ॥
ਧਰਮ ਤੋਂ ਵਾਰੇ ਜਾਣ ਦਾ, ਰਸਤਾ ਦਿਖਲਾਇਆ॥
ਗੁਰੂ ਅਰਜਨ ਜਿਨ ਸੇਵਿਆ, ਫਿਰ ਜਨਮ ਨਾ ਆਇਆ॥

•



## ਛੇਵੀਂ ਪਾਤਸ਼ਾਹੀ

# ਸ੍ਰੀ ਗੁਰੂ ਹਰਗੋਬਿੰਦ ਜੀ

ਜਦ ਗਊ, ਗ਼ਰੀਬ ਨੂੰ ਜੀਣ ਦੀ ਹੋ ਗਈ ਲਾਚਾਰੀ॥
ਜਦ ਜ਼ਾਲਿਮ ਨੇ ਅਤਿ ਚੁੱਕ ਲਈ, ਨਾ ਬਾਤ ਵਿਚਾਰੀ॥
ਜਦ ਰਾਜ ਦੀ ਅੱਖ 'ਚ ਰੜਕ ਪਏ, ਬੰਦੇ ਕਰਤਾਰੀ॥
ਜਦ ਸੰਤਾਂ ਵੱਲ ਵੀ ਉਲਰਿਆ, ਪੰਜਾ ਸਰਕਾਰੀ॥
ਜਦ ਗੁਰੂ ਅਰਜਨ ਨੇ ਜਿੰਦੜੀ, ਧਰਮਾਂ ਤੋਂ ਵਾਰੀ॥
ਤਾਂ ਗੱਦੀ ਬੈਠਾ ਪਾਤਸ਼ਾਹ, ਯੋਧਾ ਗੁਰ-ਭਾਰੀ॥

ਉਸ ਕਿਹਾ ਜ਼ੁਲਮ 'ਤੇ ਧਰਮ ਦੀ, ਨਹੀਂ ਕੋਈ ਸਰੀਕੀ॥
ਨਾ ਅੱਜ ਗ਼ਰੀਬੀ ਨੂੰ ਕਰੂ, ਕੋਈ ਤੰਗ ਅਮੀਰੀ॥
ਉਸ ਜਹਾਂਗੀਰੀ-ਹੰਕਾਰ ਨੂੰ, ਕਰ ਲੀਰੋ ਲੀਰੀ॥
ਉਸ ਦੋ ਤਲਵਾਰਾਂ ਪਹਿਨੀਆਂ, ਮੀਰੀ ਤੇ ਪੀਰੀ॥
ਉਸ ਧਰਮ ਉਭਾਰਨ ਦੀ ਲਈ, ਚੁੱਕ ਜ਼ੁੰਮੇਵਾਰੀ॥
ਗੁਰ ਗੱਦੀ ਬੈਠਾ ਪਾਤਸ਼ਾਹ, ਯੋਧਾ ਗੁਰ-ਭਾਰੀ॥

ਉਸ ਰਚਿਆ ਤਖ਼ਤ-ਆਕਾਲ ਦਾ, ਇਨਸਾਫ਼ ਚਲਾਇਆ॥
ਉਹ ਧਰਮ ਦੀ ਤਾਬੇ ਖਿੱਚਕੇ, ਸਿਆਸਤ ਲੈ ਆਇਆ॥
ਉਸ ਜਹਾਂਗੀਰ ਲਲਕਾਰਿਆ, ਤੇ ਅੱਗੇ ਲਾਇਆ॥
ਸ਼ਾਹ ਚਰਨੀਂ ਲੱਗਾ ਗੁਰਾਂ ਦੇ, ਕੀਤਾ ਬਖਸ਼ਾਇਆ॥
ਗੁਰੂ ਹਰਿਗੋਬਿੰਦ ਦੀ ਸਿਫ਼ਤ ਵਿਚ, ਇਹ ਵਾਰ ਉਚਾਰੀ॥
ਗੁਰ-ਗੱਦੀ ਬੈਠਾ ਪਾਤਸ਼ਾਹ, ਯੋਧਾ ਗੁਰ-ਭਾਰੀ॥

•

## ਸਤਵੀਂ ਪਾਤਸ਼ਾਹੀ



# ਸ੍ਰੀ ਗੁਰੂ ਹਰਿ ਰਾਏ ਜੀ

ਹਰਿ ਰਾਏ ਜੀ ਸਤਵੇਂ ਗੁਰ॥
ਪ੍ਰਗਟ ਹੋਏ ਕੀਰਤਪੁਰ॥

ਦੀਨ ਦੁਖੀ ਦੇ ਨਾਲ ਖਲੋਤੇ॥
ਹਰਿਗਬਿੰਦ ਸਾਹਿਬ ਦੇ ਪੋਤੇ॥

ਮਿੱਠਾ ਬੋਲਣ ਨਾਲ ਪਿਆਰ॥
ਦੁਖੀਆਂ ਦੇ ਦੁੱਖ ਦੇਣ ਨਿਵਾਰ॥

ਰੋਗ ਰੋਗੀਆਂ ਦੇ ਉਹ ਹਰਦੇ॥
ਦੇਣ ਦਵਾਈ,ਤਕੜਾ ਕਰਦੇ॥

ਦੇ ਕੇ ਨਾਮ ਦਾਨ ਮਹਾਂਰਾਜ॥
ਰੂਹ-ਰੋਗ ਦਾ ਕਰਨ ਇਲਾਜ॥

ਦੇਸ਼ ਮਾਲਵੇ ਦੌਰਾ ਕੀਤਾ॥
ਜਗ ਸਿੱਖੀ ਦਾ ਭੌਰਾ ਕੀਤਾ॥

ਔਰੰਗਜ਼ੇਬ ਬੁਲਾਇਆ ਦਿੱਲੀ॥
ਸਤਿਗੁਰ ਪੁੱਤ ਘਲਾਇਆ ਦਿੱਲੀ॥

ਉਸਨੇ ਸਭ ਦੀ ਨਿਸ਼ਾ ਕਰਾਈ॥
ਪਰ ਥੁਹੜੀ ਬਾਣੀ ਬਦਲਾਈ॥

ਸਤਿਗੁਰ ਜੀ ਨੇ ਬੁਰਾ ਮਨਾਇਆ॥
ਫੇਰ ਪੁੱਤ ਨਹੀਂ ਮੱਥੇ ਲਾਇਆ॥

ਗੁਰਬਾਣੀ ਦਾ ਇੰਨਾਂ ਆਦਰ॥
ਕਰਦੇ ਸਨ ਮਿਹਰਾਂ ਦੇ ਸਾਗਰ॥

ਉਹਨਾਂ ਦੇ ਕਾਰਨ ਹੀ ਠੀਕ॥
ਗੁਰਬਾਣੀ ਹੈ ਸ਼ੁੱਧ ਹੁਣ ਤੀਕ॥

## ਅਠਵੀਂ ਪਾਤਸ਼ਾਹੀ

## ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ



ਵਾਹ ਅਠਵੇਂ ਨਾਨਕ ਜੀ॥
ਵਾਹ ਬਾਲਾ ਪ੍ਰੀਤਮ ਜੀ॥
ਗੁਰ-ਗੱਦੀ 'ਤੇ ਬੇਠੈ
ਪੰਜ-ਸਾਲਾ ਪ੍ਰੀਤਮ ਜੀ॥

ਛੋਟੇ ਜਿਹੇ ਬਾਲਕ ਨੇ
ਗੁਰ-ਗੱਦੀ ਪਾਈ ਸੀ॥
ਤਾਂ ਬਾਬਾ ਰਾਮ ਰਾਏ,
ਜੋ ਵੱਡਾ ਭਾਈ ਸੀ॥

ਸਾੜ੍ਹੇ ਵਿਚ ਸੜਿਆ ਸੀ॥
ਰੋਇਆ ਸੀ, ਕੜ੍ਹਿਆ ਸੀ॥
ਤੇ ਔਰੰਗਜ਼ੇਬ ਦੇ ਉਹ
ਦਰਬਾਰੇ ਚੜ੍ਹਿਆ ਸੀ॥

ਜੈ ਚੰਦ ਰਾਜੇ ਰਾਹੀਂ
ਸਤਿਗੁਰ ਨੇ 'ਔਰੰਗੇ' ਦੇ
ਸਭ ਭਰਮ ਮਿਟਾ ਦਿੱਤੇ॥
ਚੇਚਕ ਬੀਮਾਰਾਂ ਦੀ
ਸੇਵਾ ਸੰਭਾਲ ਲਈ
ਫਿਰ ਦਿੱਲੀ ਦੇ ਵਿਚ ਹੀ
ਸਨ ਡੇਰੇ ਲਾ ਦਿੱਤੇ॥

ਉਹ ਦਵਾ ਵੀ ਦੇਂਦੇ ਸਨ,
ਤੇ ਨਾਲ ਦੁਆਵਾਂ ਵੀ॥
ਆਪਣੇ ਸਿਰ ਲੈ ਲੈਂਦੇ
ਸਭ ਦੀਆਂ ਬਲਾਵਾਂ ਵੀ॥

ਕਰ ਗਏ ਚੜ੍ਹਾਈ ਉਹ
ਚੇਚਕ ਦੇ ਕਾਰਨ ਹੀ॥
ਦੁਨੀਆਂ ਨੂੰ ਤਾਰਨ ਹੀ
ਦੁਨੀਆਂ ਤੇ ਆਏ ਸਨ॥
ਤੇ ਤਾਰਦੇ ਦੁਨੀਆਂ ਨੂੰ
ਉਹ ਸੁਰਗ-ਸਿਧਾਏ ਸਨ॥

ਵਾਹ ਬਾਲਾ ਪ੍ਰੀਤਮ ਜੀ॥
ਗੁਰ-ਗੱਦੀ 'ਤੇ ਬੈਠੇ
ਪੰਜ ਸਾਲਾ ਪ੍ਰੀਤਮ ਜੀ॥

••••••••••



## ਨੌਵੀਂ ਪਾਤਸ਼ਾਹੀ

## ਸ੍ਰੀ ਗੁਰੂ ਤੇਗ਼ ਬਹਾਦਰ ਜੀ

ਦੂਜੇ ਧਰਮ ਦੀ ਰਾਖੀ ਖ਼ਾਤਿਰ, ਆਪਣਾ ਸੀਸ ਕਟਾ ਦਿੱਤਾ॥
ਪਰਉਪਕਾਰੀ ਨੌਂਵੇਂ ਨਾਨਕ, ਨਵਾਂ ਹੀ ਰਾਹ ਦਿਖਲਾ ਦਿੱਤਾ॥

ਧਨੀ ਤੇਗ਼ ਦੇ ਤੇਗ਼ ਬਹਾਦਰ
ਹਰਿ ਗੋਬਿੰਦ ਦੇ ਜਾਏ ਸਨ॥
ਮੁਗਲਾਂ ਦੀਆਂ ਫੌਜਾਂ ਨੂੰ ਉਹਨਾਂ
ਚੰਗੇ ਹੱਥ ਦਿਖਾਏ ਸਨ॥
ਭਗਤੀ ਤੇ ਸ਼ਕਤੀ ਦਾ ਜਲਵਾ, ਦੁਨੀਆਂ ਤਾਈਂ ਵਿਖਾ ਦਿੱਤਾ॥
ਦੂਜੇ ਧਰਮ ਦੀ ਰਾਖੀ ਖ਼ਾਤਿਰ, ਆਪਣਾ ਸੀਸ ਕਟਾ ਦਿੱਤਾ॥

ਨਾ ਉਹਨਾਂ ਕਦੀ ਤਿਲਕ ਲਗਾਏ
ਨਾ ਹੀ ਜੰਞੂ ਪਾਏ ਸੀ॥
ਪਰ ਜਦ ਜੰਞੂ ਤਿਲਕਾਂ ਵਾਲੇ
ਉਹਨਾਂ ਦੇ ਦਰ ਆਏ ਸੀ॥
ਤਿਲਕ-ਜੰਞੂ ਦੀ ਰਾਖੀ ਦੇ ਲਈ, ਆਪਣਾ ਸੀਸ ਲਗਾ ਦਿੱਤਾ॥
ਪਰਉਪਕਾਰੀ ਨੌਂਵੇਂ ਨਾਨਕ, ਨਵਾਂ ਹੀ ਰਾਹ ਦਿਖਲਾ ਦਿੱਤਾ॥

ਜੋ ਦੂਜੇ ਲਈ ਮਿਟ ਜਾਂਦੇ ਨੇ
ਓਹੀ ਜ਼ਿੰਦਾ ਰਹਿੰਦੇ ਨੇ॥
'ਤੇਗ਼ ਬਹਾਦਰ, ਹਿੰਦ ਦੀ ਚਾਦਰ'
ਤਾਂ ਹੀ ਸਾਰੇ ਕਹਿੰਦੇ ਨੇ॥
ਸਿੱਖਾਂ ਨੂੰ ਇਉਂ ਕੁਰਬਾਨੀ ਦਾ, 'ਸੰਧੂ' ਸਬਕ ਸਿਖਾ ਦਿੱਤਾ॥
ਦੂਜੇ ਧਰਮ ਦੀ ਰਾਖੀ ਖ਼ਾਤਿਰ, ਆਪਣਾ ਸੀਸ ਕਟਾ ਦਿੱਤਾ॥

•

## ਦਸਵੀਂ ਪਾਤਸ਼ਾਹੀ



# ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸੁੱਚਿਓ! ਸੱਚਿਓ! ਗੁਰੂ ਗੋਬਿੰਦ ਸਿੰਘ॥
ਕੌਣ ਸੀ ਬੱਚਿਓ, ਗੁਰੂ ਗੋਬਿੰਦ ਸਿੰਘ?

ਪਟਨੇ ਵਿਚ ਅਵਤਾਰ ਧਾਰਿਆ॥
ਧਰਮ ਵਾਸਤੇ ਬਾਪ ਵਾਰਿਆ॥
ਮਾਤਾ ਵਾਰੀ, ਬੱਚੇ ਵਾਰੇ,
ਪਿੱਛੋਂ ਆਪਣਾ ਆਪ ਵਾਰਿਆ॥
ਉਹ ਸੀ ਬੱਚਿਓ ਗੁਰੂ ਗੋਬਿੰਦ ਸਿੰਘ॥
ਸੁੱਚਿਓ! ਸੱਚਿਓ! ਗੁਰੂ ਗੋਬਿੰਦ ਸਿੰਘ॥

ਦੀਨ, ਧਰਮ ਦੀ ਸ਼ਾਨ ਵਾਸਤੇ॥
ਇਨਸਾਨੀ ਈਮਾਨ ਵਾਸਤੇ॥
ਰਹੇ ਜੂਝਦੇ ਸਾਰੀ ਉਮਰਾ,
ਸਾਰੇ ਹਿੰਦੋਸਤਾਨ ਵਾਸਤੇ॥
ਉਹ ਸੀ ਬੱਚਿਓ ਗੁਰੂ ਗੋਬਿੰਦ ਸਿੰਘ॥
ਸੁੱਚਿਓ! ਸੱਚਿਓ! ਗੁਰੂ ਗੋਬਿੰਦ ਸਿੰਘ॥

ਅਣਖ਼ ਦਾ ਜਜ਼ਬਾ ਜਿਨ੍ਹੇ ਜਗਾਇਆ॥
ਗਿਦੜਾਂ ਨੂੰ ਵੀ ਸ਼ੇਰ ਬਣਾਇਆ॥
ਸਿਰ ਲੈਕੇ ਜਿਸ ਅੰਮ੍ਰਿਤ ਦਿੱਤਾ,
ਨੀਚਾਂ ਨੂੰ ਸਰਦਾਰ ਕਹਾਇਆ॥
ਉਹ ਸੀ ਬੱਚਿਓ ਗੁਰੂ ਗੋਬਿੰਦ ਸਿੰਘ॥
ਸੁੱਚਿਓ! ਸੱਚਿਓ! ਗੁਰੂ ਗੋਬਿੰਦ ਸਿੰਘ॥

•




## ਦਸਾਂ ਪਾਤਸ਼ਾਹੀਆਂ ਦੀ ਜੋਤ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸਾਰੇ ਸਿੱਖ ਤੇ ਸਾਰਾ ਪੰਥ॥
ਗੁਰੂ ਮੰਨਦੇ, 'ਗੁਰੂ-ਗ੍ਰੰਥ'॥

ਇਸ ਵਿਚ ਹੈ ਗੁਰੂਆਂ ਦੀ ਬਾਣੀ॥
ਸੱਚੀ-ਸੁੱਚੀ ਗੱਲ ਸਿਆਣੀ॥

ਇਸ ਵਿਚ ਕੁਝ ਭਗਤਾਂ ਦੇ ਬੋਲ॥
ਹਿੰਦੂ ਮੁਸਲਮ ਕੋਲੋ-ਕੋਲ॥

ਪੀੜ੍ਹੀਓ-ਪੀੜ੍ਹੀ ਬਾਣੀ ਲੀਤੀ॥
ਗੁਰੂ ਅਰਜਨ ਜੀ 'ਕੱਠੀ ਕੀਤੀ॥

ਉਚਰੇ ਸ਼ਬਦ ਸਤਿਗੁਰੂ ਨਾਵੇਂ॥
ਗੋਬਿੰਦ ਜੀ ਨੇ ਥਾਵੋਂ-ਥਾਵੇਂ॥

ਕਰਕੇ ਫਿਰ ਲਿਖਵਾਇਆ ਗ੍ਰੰਥ॥
ਉਸਦੀ ਤਾਬੇ ਕੀਤਾ ਪੰਥ॥

ਗ੍ਰੰਥ ਹੈ ਦਸ ਗੁਰੂਆਂ ਦੀ ਜੋਤ॥
ਏਹੋ ਹੈ ਨਿਰਵਾਨ-ਸ੍ਰੋਤ॥

ਅਸੀਂ ਏਸ ਨੂੰ ਸੀਸ ਝੁਕਾਈਏ॥
ਜੋ ਚਾਹੀਏ ਸੋਈ ਫਲ ਪਾਈਏ॥

ਦਸਮ-ਪਿਤਾ ਸਮਝਾਈ ਗੱਲ॥
ਇਹ ਗੁਰ ਜੁੱਗੋ-ਜੁੱਗ ਅਟੱਲ॥

•



**ਸ: ਅਮਰਜੀਤ ਸਿੰਘ ਸੰਧੂ**

**ਇਸੇ ਕਲਮ ਤੋਂ ਹੋਰ ਪੁਸਤਕਾਂ :-**

1. ਕਲ ਤਾਰਨ ਗੁਰੂ ਨਾਨਕ ਆਇਆ (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਪ੍ਰਸੰਗ)
2. ਆਉ ਸੀਸ ਭੇਟ ਕਰੀਏ (ਧਾਰਮਿਕ ਲੇਖ)
3. ਹਮ ਇਹ ਕਾਜਿ ਜਗਤ ਮੋਂ ਆਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਪ੍ਰਸੰਗ)
4. ਜਿੰਦੂ ਲਾਟ (ਕਾਵਿ-ਸੰਗ੍ਰਹਿ)
5. ਸੰਧੂ ਦੀ ਗ਼ਜ਼ਲ (ਗ਼ਜ਼ਲ-ਸੰਗ੍ਰਹਿ)
6. ਜਜ਼ਬਾਤ ਦੇ ਪੰਛੀ (ਗ਼ਜ਼ਲ-ਸੰਗ੍ਰਹਿ)
7. ਜੋਬਨ-ਯਾਦਾਂ (ਕਾਵਿ-ਸੰਗ੍ਰਹਿ)

**ਸੰਪਾਦਤ ਪੁਸਤਕਾਂ-**

ਸਰਘੀ ਦੇ ਪਾਂਧੀ (ਕਾਵਿ-ਸੰਗ੍ਰਹਿ)
ਮਹਿਕਾਂ (ਕਾਵਿ-ਸੰਗ੍ਰਹਿ)
ਕਲਮਾਂ ਦਾ ਕਾਫ਼ਿਲਾ (ਕਾਵਿ-ਸੰਗ੍ਰਹਿ)
ਦੀਪਕ ਗ਼ਜ਼ਲ ਸਕੂਲ (ਜਨਾਬ ਦੀਪਕ ਜੈਤੋਈ ਦੇ ਸਾਹਿਤਕ ਪਰਿਵਾਰ ਦਾ ਇਤਿਹਾਸ ਤੇ ਰਚਨਾ)